Bal Bharati
PUBLIC SCHOOL
LUDHIANA

**Name - ____________** | **Pre Mid Term Test (May 2024)** | **M.Marks : 40**
**Roll No. __________** | ਜਮਾਤ - ਪੰਜਵੀਂ___ | **Date – 18.5.24**
**Time – 2 hrs.** | | **Subject –Punjabi**

**(ੳ) ਬਹੁ-ਵਿਕਲਪੀ ਪ੍ਰਸ਼ਨ-** (2)

1. ਕਿੱਕਲੀ ਖੇਡ ਹੋਣ ਦੇ ਨਾਲ-ਨਾਲ ਕੀ ਹੈ? (ਲੋਕ-ਗੀਤ, ਲੋਕ-ਨਾਚ, ਲੋਕ-ਸਾਹਿਤ)
2. ਕਿਸ ਨੇ ਚੰਗਾ ਕੰਮ ਕੀਤਾ ਸੀ? (ਘੋੜੇ ਨੇ, ਹਿਰਨੀ ਨੇ, ਸ਼ਿਕਾਰੀ ਨੇ)
3. ਕਿੱਕਲੀ ਪਾਉਂਦੀਆਂ ਕੁੜੀਆਂ ਨਾਲ-ਨਾਲ ਕੀ ਕਰਦੀਆਂ ਹਨ? (ਰੋਂਦੀਆਂ, ਗੀਤ ਗਾਉਂਦੀਆਂ, ਲੜਦੀਆਂ)
4. ਦਰਿਆਵਾਂ ਦੀ ਰਵਾਨੀ ਦੇਖ ਕੇ ਕੀ ਆ ਜਾਂਦਾ ਹੈ? (ਆਲਸ, ਗੁੱਸਾ, ਜੋਸ਼)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (8)

5. ਹਨ੍ਹੇਰੀ ਤੋਂ ਰਫ਼ਤਾਰ ਮੰਗ ਕੇ ਬੱਚੇ ਕੀ ਕਰਨਾ ਚਾਹੁੰਦੇ ਹਨ?
6. ਹਿਰਨੀ ਸ਼ਿਕਾਰੀ ਦੇ ਘੋੜੇ ਮਗਰ ਕਿਉਂ ਦੌੜ ਪਈ?
7. ਫੁੱਲਾਂ ਕੋਲੋਂ ਕੀ ਸਿੱਖਣਾ ਚਾਹੀਦਾ ਹੈ?
8. ਕਿੱਕਲੀ ਦੇ ਕਿਸੇ ਇੱਕ ਗੀਤ ਦਾ ਟੱਪਾ ਲਿਖੋ।

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (3)

9. ਨੈਣ - (ਰੋਸ / ਲਟਕਾਉਣਾ / ਅੱਖਾਂ)
10. ਰਵਾਨੀ - (ਪ੍ਰਵਾਹ / ਹਫ਼ਤਾਵਾਰ / ਹੌਂਸਲੇ)
11. ਤਰਲਾ - (ਯੁੱਧ / ਨਫ਼ਰਤ / ਮਿੰਨਤ)
12. ਲੱਦਣਾ - (ਚੜ੍ਹਾਉਣਾ / ਨਿਮਰਤਾ / ਮੌਜ)
13. ਵਿਖਾਵਾ - (ਲਾਚਾਰ / ਪ੍ਰਗਟਾਵਾ / ਰਸਤਾ)
14. ਗੇੜੇ - (ਦੋਸਤੀ / ਸਲਾਹ / ਚੱਕਰ)

**(ਸ) ਖ਼ਾਲੀ ਥਾਵਾਂ ਭਰੋ।** (3)

15. ਸ਼ਿਕਾਰੀ ________ ਤੇ ਸਵਾਰ ਹੋ ਕੇ ਜੰਗਲ ਵੱਲ ਸ਼ਿਕਾਰ ਖੇਡਣ ਤੁਰ ਪਿਆ।
16. ਖ਼ੁਸ਼ ਹੋਏ ਦਿਲ ਖੇਡਣ ਦੇ ਨਾਲ-ਨਾਲ ________ ਨੂੰ ਵੀ ਲੋਚਦੇ ਹਨ।
17. ਹਿਰਨੀ ਨੇ ਸ਼ਿਕਾਰੀ ਵੱਲ ਬੜੀ _______ ਭਰੀ ਨਜ਼ਰ ਨਾਲ ਦੇਖਿਆ।

**(ਹ) ਵਾਕ ਬਣਾਉ -** (8)

18. ਹੈਰਾਨ - ____________________________________________।
19. ਨਿਡਰ - ____________________________________________।
20. ਵੰਗਾਂ - ____________________________________________।
21. ਰਫ਼ਤਾਰ - ____________________________________________।

**(ੳ) ਲਿੰਗ ਬਦਲੀ ਕਰੋ।** (2)

22. ਸ਼ਿਕਾਰੀ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ। ______________________________।

23. ਹਿਰਨੀ ਝਾੜੀ ਪਿੱਛੇ ਲੁਕ ਗਈ। ______________________________।

**(ਖ) ਵਚਨ ਬਦਲੀ ਕਰੋ।** (2)

24. ਉਹ ਦਰੱਖਤ ਦੀ ਛਾਂ ਹੇਠ ਸੌਂ ਰਹੀ ਹੈ। ______________________________।

25. ਬੱਚੀ ਨੇ ਗੀਤ ਗਾਇਆ । ______________________________।

**(ਗ) ਲਕੀਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।** (2)

26. ਸੂਰਜ **ਹਨ੍ਹੇਰਾ** ਦੂਰ ਕਰਕੇ ___________ ਫੈਲਾਉਂਦਾ ਹੈ।

27. **ਬੱਚੇ** ਅਤੇ _______ ਸਭ ਦੇਸ਼ ਦੀ ਭਲਾਈ ਚਾਹੁੰਦੇ ਹਨ।

**(ਘ) ਅਸ਼ੁੱਧ-ਸ਼ੁੱਧ।** (2)

28. ਟਾਹਣਿ - _________

29. ਸੋਹਾਵਣੀ - _________

**(ਙ) ਸਹੀ ਜਾਂ ਗ਼ਲਤ ਵਿੱਚ ਜਵਾਬ ਦਿਉ।** (1)

30. ਬੱਚੇ ਪੂਰੇ ਹੌਸਲੇ ਨਾਲ ਅੱਗੇ ਹੀ ਅੱਗੇ ਵਧਦੇ ਜਾਣਾ ਚਾਹੁੰਦੇ ਹਨ। ( )

31. ਕਿੱਕਲੀ ਦੀ ਖੇਡ ਨਾਲ ਸਰੀਰ ਦੀ ਕਸਰਤ ਨਹੀਂ ਹੁੰਦੀ। ( )

**(ਵਿਆਕਰਨ)**

**(ਚ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ-** (2)

32. ਇੱਕ ਅੱਖ ਨਾਲ ਵੇਖਣਾ - _____________

33. ਅਸਮਾਨ ਨਾਲ ਗੱਲਾਂ ਕਰਨਾ - __________

**(ਛ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ-** (2)

34. ਜਿਹੜਾ ਬੋਲ ਨਾ ਸਕੇ - ________

35. ਚੰਗੀ ਕਿਸਮਤ ਵਾਲਾ - ________

**(ਜ) ਗਿਣਤੀ -** (3)

36. (28) - _________

37. (19) - _________

38. (9) - _________

**Bal Bharati PUBLIC SCHOOL LUDHIANA**

| | | |
|---|---|---|
| **Name - ____________** | **Pre Mid Term Test (May 2024)** | **M.Marks : 40** |
| **Roll No. __________** | ਜਮਾਤ – ਪੰਜਵੀਂ___ | **Date – 18.5.24** |
| **Time – 2 hrs.** | **Ans Key** | **Subject –Punjabi** |

**(ੳ) ਬਹੁ-ਵਿਕਲਪੀ ਪ੍ਰਸ਼ਨ-** (2)

1. ਕਿੱਕਲੀ ਖੇਡ ਹੋਣ ਦੇ ਨਾਲ-ਨਾਲ ਕੀ ਹੈ? (ਲੋਕ-ਗੀਤ, **ਲੋਕ-ਨਾਚ**, ਲੋਕ-ਸਾਹਿਤ)
2. ਕਿਸ ਨੇ ਚੰਗਾ ਕੰਮ ਕੀਤਾ ਸੀ? (ਘੋੜੇ ਨੇ, ਹਿਰਨੀ ਨੇ, **ਸ਼ਿਕਾਰੀ ਨੇ**)
3. ਕਿੱਕਲੀ ਪਾਉਂਦੀਆਂ ਕੁੜੀਆਂ ਨਾਲ-ਨਾਲ ਕੀ ਕਰਦੀਆਂ ਹਨ? (ਰੋਂਦੀਆਂ, **ਗੀਤ ਗਾਉਂਦੀਆਂ**, ਲੜਦੀਆਂ)
4. ਦਰਿਆਵਾਂ ਦੀ ਰਵਾਨੀ ਦੇਖ ਕੇ ਕੀ ਆ ਜਾਂਦਾ ਹੈ? (ਆਲਸ, ਗੁੱਸਾ, **ਜੋਸ਼**)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (8)

5. ਹਨ੍ਹੇਰੀ ਤੋਂ ਰਫ਼ਤਾਰ ਮੰਗ ਕੇ ਬੱਚੇ ਕੀ ਕਰਨਾ ਚਾਹੁੰਦੇ ਹਨ?

**ਉੱਤਰ- ਹਨ੍ਹੇਰੀ ਤੋਂ ਰਫ਼ਤਾਰ ਮੰਗ ਕੇ ਬੱਚੇ ਰਸਤੇ ਦੇ ਸਾਰੇ ਕੰਡੇ ਸਾਫ਼ ਕਰਨਾ ਚਾਹੁੰਦੇ ਹਨ।**

6. ਹਿਰਨੀ ਸ਼ਿਕਾਰੀ ਦੇ ਘੋੜੇ ਮਗਰ ਕਿਉਂ ਦੌੜ ਪਈ?

**ਉੱਤਰ – ਹਿਰਨੀ ਆਪਣੇ ਬੱਚੇ ਨੂੰ ਬਚਾਉਣ ਲਈ ਸ਼ਿਕਾਰੀ ਦੇ ਘੋੜੇ ਮਗਰ ਦੌੜ ਪਈ।**

7. ਫੁੱਲਾਂ ਕੋਲੋਂ ਕੀ ਸਿੱਖਣਾ ਚਾਹੀਦਾ ਹੈ?

**ਉੱਤਰ – ਫੁੱਲਾਂ ਕੋਲੋ ਕੰਡਿਆਂ ਵਿੱਚ ਰਹਿ ਕੇ ਵੀ ਹੱਸਣਾ ਸਿੱਖਣਾ ਚਾਹੀਦਾ ਹੈ।**

8. ਕਿੱਕਲੀ ਦੇ ਕਿਸੇ ਇੱਕ ਗੀਤ ਦਾ ਟੱਪਾ ਲਿਖੋ।

**ਉੱਤਰ- " ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ**
**ਦੁਪੱਟਾ ਭਰਜਾਈ ਦਾ, ਫਿੱਟੇ ਮੂੰਹ ਜਵਾਈ ਦਾ। "**

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (3)

9. ਨੈਣ – (ਰੋਸ / ਲਟਕਾਉਣਾ / **ਅੱਖਾਂ**)
10. ਰਵਾਨੀ – (**ਪ੍ਰਵਾਹ** / ਹਫ਼ਤਾਵਾਰ / ਹੌਂਸਲੇ)
11. ਤਰਲਾ – (ਯੁੱਧ / ਨਫ਼ਰਤ / **ਮਿੰਨਤ**)
12. ਲੱਦਣਾ – (**ਚੜ੍ਹਾਉਣਾ** / ਨਿਮਰਤਾ / ਮੌਜ)
13. ਵਿਖਾਵਾ – (ਲਾਚਾਰ / **ਪ੍ਰਗਟਾਵਾ** / ਰਸਤਾ)
14. ਗੇੜੇ – (ਦੋਸਤੀ / ਸਲਾਹ / **ਚੱਕਰ**)

**(ਸ) ਖ਼ਾਲੀ ਥਾਵਾਂ ਭਰੋ।** (3)

15. ਸ਼ਿਕਾਰੀ **ਘੋੜੇ** ਤੇ ਸਵਾਰ ਹੋ ਕੇ ਜੰਗਲ ਵੱਲ ਸ਼ਿਕਾਰ ਖੇਡਣ ਤੁਰ ਪਿਆ।
16. ਖ਼ੁਸ਼ ਹੋਏ ਦਿਲ ਖੇਡਣ ਦੇ ਨਾਲ-ਨਾਲ **ਨੱਚਣ** ਨੂੰ ਵੀ ਲੋਚਦੇ ਹਨ।
17. ਹਿਰਨੀ ਨੇ ਸ਼ਿਕਾਰੀ ਵੱਲ ਬੜੀ **ਮੋਹ** ਭਰੀ ਨਜ਼ਰ ਨਾਲ ਦੇਖਿਆ।

**(ਹ) ਵਾਕ ਬਣਾਉ –** (8)

18. ਹੈਰਾਨ – **ਉਹ ਮੈਨੂੰ ਦੇਖ ਕੇ ਹੈਰਾਨ ਹੋ ਗਿਆ।** (ਕੋਈ ਵੀ ਹੋਰ)
19. ਨਿਡਰ – **ਰਾਮ ਬਹੁਤ ਨਿਡਰ ਹੈ।** (ਕੋਈ ਵੀ ਹੋਰ)
20. ਵੰਗਾਂ – **ਇਹ ਵੰਗਾਂ ਕੱਚ ਦੀਆਂ ਹਨ।** (ਕੋਈ ਵੀ ਹੋਰ)
21. ਰਫ਼ਤਾਰ – **ਜ਼ਿੰਦਗੀ ਦੀ ਰਫ਼ਤਾਰ ਬਹੁਤ ਤੇਜ਼ ਹੈ।** (ਕੋਈ ਵੀ ਹੋਰ)

**(ਕ) ਲਿੰਗ ਬਦਲੀ ਕਰੋ।** (2)

22. ਸ਼ਿਕਾਰੀ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ। **ਸ਼ਿਕਾਰਨ ਜੰਗਲ ਵਿੱਚ ਸ਼ਿਕਾਰ ਖੇਡਣ ਗਈ।**
23. ਹਿਰਨੀ ਝਾੜੀ ਪਿੱਛੇ ਲੁਕ ਗਈ। **ਹਿਰਨ ਝਾੜੀ ਪਿੱਛੇ ਲੁਕ ਗਿਆ।**

**(ਖ) ਵਚਨ ਬਦਲੀ ਕਰੋ।** (2)

24. ਉਹ ਦਰੱਖਤ ਦੀ ਛਾਂ ਹੇਠ ਸੌਂ ਰਹੀ ਹੈ। **ਉਹ ਦਰੱਖਤਾਂ (ਦੀ/ਦੀਆਂ)(ਛਾਂ/ਛਾਵਾਂ) ਹੇਠ ਸੌਂ ਰਹੀਆਂ ਹਨ।**
25. ਬੱਚੀ ਨੇ ਗੀਤ ਗਾਇਆ । **ਬੱਚੀਆਂ ਨੇ ਗੀਤ ਗਾਏ/ ਗਾਇਆ।**

**(ਗ) ਲਕੀਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।** (2)

26. ਸੂਰਜ **ਹਨ੍ਹੇਰਾ** ਦੂਰ ਕਰਕੇ **ਚਾਨਣ** ਫੈਲਾਉਂਦਾ ਹੈ।
27. **ਬੱਚੇ** ਅਤੇ **ਬੁੱਢੇ** ਸਭ ਦੇਸ਼ ਦੀ ਭਲਾਈ ਚਾਹੁੰਦੇ ਹਨ।

**(ਘ) ਅਸ਼ੁੱਧ-ਸ਼ੁੱਧ।** (2)

28. ਟਾਹਣਿ – **ਟਾਹਣੀ**
29. ਸੋਹਾਵਣੀ – **ਸੁਹਾਵਣੀ**

**(ਙ) ਸਹੀ ਜਾਂ ਗ਼ਲਤ ਵਿੱਚ ਜਵਾਬ ਦਿਉ।** (1)

30. ਬੱਚੇ ਪੂਰੇ ਹੌਸਲੇ ਨਾਲ ਅੱਗੇ ਹੀ ਅੱਗੇ ਵਧਦੇ ਜਾਣਾ ਚਾਹੁੰਦੇ ਹਨ। **( ਸਹੀ )**
31. ਕਿੱਕਲੀ ਦੀ ਖੇਡ ਨਾਲ ਸਰੀਰ ਦੀ ਕਸਰਤ ਨਹੀਂ ਹੁੰਦੀ। **(ਗ਼ਲਤ)**

## (ਵਿਆਕਰਨ)

**(ਚ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ–** (2)

32. ਇੱਕ ਅੱਖ ਨਾਲ ਵੇਖਣਾ – **ਸਭ ਨੂੰ ਬਰਾਬਰ ਸਮਝਣਾ**
33. ਅਸਮਾਨ ਨਾਲ ਗੱਲਾਂ ਕਰਨਾ – **ਬਹੁਤ ਉੱਚਾ ਹੋਣਾ**

**(ਛ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ–** (2)

34. ਜਿਹੜਾ ਬੋਲ ਨਾ ਸਕੇ – **ਗੂੰਗਾ**
35. ਚੰਗੀ ਕਿਸਮਤ ਵਾਲਾ – **ਖ਼ੁਸ਼ਕਿਸਮਤ**

**(ਜ) ਗਿਣਤੀ –** (3)

36. (28) – **ਅਠਾਈ**
37. (19) – **ਉੱਨੀ**
38. (9) – **ਨੌਂ**